ਪੰਜਾਬ ਸਰਕਾਰ

ਮਾਲ ਅਤੇ ਪੁਨਰਵਾਸ ਵਿਭਾਗ

ਮਾਲ ਅਮਲਾ-3 ਸ਼ਾਖਾ

**ਹੁਕਮ**

ਵਿਭਾਗ ਵੱਲੋਂ ਜਾਰੀ ਪੱਤਰ ਨੰ:1/10/2019-ਮ.ਅ-2(7)ਹੁਣ ਮ.ਅ-3(1)/14662 ਮਿਤੀ: 25-11-2021 ਨੂੰ ਨਾਇਬ ਤਹਿਸੀਲਦਾਰ ਵਿਭਾਗੀ ਪ੍ਰੀਖਿਆ ਪਾਸ ਕਾਨੂੰਗੋ/ਸੀਨੀਅਰ ਸਹਾਇਕਾਂ ਦੀ ਆਪਸੀ ਰਾਜ ਪੱਧਰੀ ਸੀਨੀਅਰਤਾ ਸੂਚੀ ਜਾਰੀ ਕੀਤੀ ਗਈ ਸੀ। ਇਸ ਸੀਨੀਅਰਤਾ ਸੂਚੀ ਵਿੱਚ ਸੀਨੀਅਰਤਾ ਨੰ: 16 ਤੋਂ 26 ਤੇ ਦਰਜ ਕਾਨੂੰਗੋਆਂ ਨੂੰ ਵਿਭਾਗ ਵੱਲੋਂ ਜਾਰੀ ਹੁਕਮ ਨੰ: 19/27/2019-ਮ.ਅ-3(1)/211-219 ਮਿਤੀ:05-01-2022 ਰਾਹੀਂ ਨਾਇਬ ਤਹਿਸੀਲਦਾਰ ਸਿੱਧੀ ਭਰਤੀ ਦੀ ਅਸਾਮੀਆਂ ਵਿਰੁੱਧ ਆਰਜੀ ਤੌਰ ਤੇ ਪਦਉਨਤ ਕੀਤਾ ਗਿਆ ਸੀ। ਪਰੂੰਤ ਇਨ੍ਹਾਂ ਹੁਕਮਾਂ ਵਿੱਚ ਸੀਨੀਅਰਤਾ ਨੰ:20 ਤੇ ਦਰਜ ਸ੍ਰੀ ਜਸਦੇਵ ਸਿੰਘ ਨੂੰ ਪਦਉਨਤ ਨਹੀਂ ਸੀ ਕੀਤਾ ਗਿਆ ਕਿਉਂਕਿ ਇਸ ਕਰਮਚਾਰੀ ਵੱਲੋਂ ਉਰਦੂ ਆਮੋਜ਼ ਦਾ ਪੇਪਰ ਭਾਸ਼ਾ ਵਿਭਾਗ ਤੋਂ ਪਾਸ ਕੀਤਾ ਗਿਆ ਸੀ। ਡਾਇਰੈਕਟਰ ਭਾਸ਼ਾ ਵਿਭਾਗ ਵੱਲੋਂ ਪੱਤਰ ਮਿਤੀ:28-07-2021 ਰਾਹੀਂ ਇਸ ਛੋਟ ਨੂੰ ਮਾਨਤਾ ਦੇਣ ਸਬੰਧੀ ਮੁੜ ਵਿਚਾਰ ਕਰਨ ਲਈ ਸੁਝਾਅ ਦਿੱਤਾ ਗਿਆ ਸੀ।

2. ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 10/13/06/02 RE-1(4)now RE-3(6)/456-458 ਮਿਤੀ:12-01-2021 ਰਾਹੀਂ ਕੀਤੀ ਗਈ ਅਮੈਂਡਮੈਂਟ ਰਾਹੀਂ ਉਰਦੂ ਦਾ ਪੇਪਰ ਭਾਸ਼ਾ ਵਿਭਾਗ ਤੋਂ ਪਾਸ ਕਰਨ ਉਪਰੰਤ ਨਾਇਬ ਤਹਿਸੀਲਦਾਰ ਵਿਭਾਗੀ ਪ੍ਰੀਖਿਆ ਦੇ ਪੇਪਰ ਨੰ:7 ਤੋਂ ਛੋਟ ਦੇਣ ਲਈ ਵਿੱਤੀ ਕਮਿਸ਼ਨਰ ਮਾਲ ਨੂੰ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਸਨ। ਵਿਭਾਗ ਵੱਲੋਂ ਡਾਇਰੈਕਟਰ ਭਾਸ਼ਾ ਵਿਭਾਗ ਦੇ ਪੱਤਰ ਮਿਤੀ: 28-07-2021 ਰਾਹੀਂ ਦਿੱਤੇ ਗਏ ਸੁਝਾਅ ਨੂੰ ਵਿਚਾਰਦੇ ਹੋਏ The Punjab Naib Tehsildar Departmental Exam regulation 2020 ਵਿੱਚ ਨੋਟੀਫਿਕੇਸ਼ਨ ਨੰ: 10/13/06/02 RE-1(4)now RE-3(6)/456-458 ਮਿਤੀ:12-01-2021 ਰਾਹੀਂ ਕੀਤੀ ਗਈ ਅਮੈਂਡਮੈਂਟ ਨੂੰ prospectively ਰੱਦ ਕਰਨ ਦਾ ਫੈਸਲਾ ਲਿਆ ਗਿਆ ਹੈ।

3. ਇਸ ਤਰ੍ਹਾਂ ਨੋਟੀਫਿਕੇਸ਼ਨ ਨੰ: 10/13/06/02 RE-1(4)now RE-3(6)/456-458 ਮਿਤੀ:12-01-2021 ਰਾਹੀਂ ਕੀਤੀ ਗਈ ਅਮੈਂਡਮੈਂਟ ਦਾ ਲਾਭ ਦਿੰਦੇ ਹੋਏ ਸ੍ਰੀ ਰਣਜੀਤ ਸਿੰਘ, ਸ੍ਰੀ ਸਿਕੰਦਰ ਸਿੰਘ ਅਤੇ ਸ੍ਰੀ ਗੁਰਮੀਤ ਸਿੰਘ ਨੂੰ ਹੁਕਮ ਨੰ:8/1/18-ਮ.ਅ-3(2)/202-210 ਮਿਤੀ:05-01-2022 ਰਾਹੀਂ ਪਦਉਨਤ ਕਰ ਦਿੱਤਾ ਗਿਆ ਸੀ ਪਰੰਤੂ ਸ੍ਰੀ ਜਸਦੇਵ ਸਿੰਘ ਦਾ ਕੇਸ ਵੱਖਰੀ ਮਿਸਲ ਤੇ ਵਿਚਾਰ ਅਧੀਨ ਹੋਣ ਕਰਕੇ ਲਾਭ ਨਹੀਂ ਸੀ ਦਿੱਤਾ ਗਿਆ।

4. ਵਿਭਾਗ ਵੱਲੋਂ ਜਾਰੀ ਪਦਉਨਤੀ ਦੇ ਹੁਕਮ ਨੰ: 19/27/2019-ਮ.ਅ-3(1)/211-219 ਮਿਤੀ:05-01-2022 ਵਿੱਚ ਸ੍ਰੀ ਜਸਦੇਵ ਸਿੰਘ (ਸੀਨੀਅਰਤਾ ਨੰ:20) ਨੂੰ ਪਦਉਨਤ ਨਹੀਂ ਸੀ ਕੀਤਾ ਗਿਆ ਅਤੇ ਉਸਤੋਂ ਜੂਨੀਅਰ ਕਾਨੂੰਗੋਆਂ ਨੂੰ ਨਾਇਬ ਤਹਿਸੀਲਦਾਰ ਸਿੱਧੀ ਭਰਤੀ ਦੀ ਅਸਾਮੀ ਵਿਰੁੱਧ ਆਰਜੀ ਤੌਰ ਤੇ ਪਦਉਨਤ ਕਰ ਦਿੱਤਾ ਗਿਆ ਸੀ। ਇਸ ਲਈ ਇਸ ਲਈ ਸ੍ਰੀ ਜਸਦੇਵ ਸਿੰਘ (ਸੀਨੀਅਰਤਾ ਨੰ:20) ਨੂੰ ਵੀ ਨਾਇਬ ਤਹਿਸੀਲਦਾਰ ਪਦਉਨਤ ਕਰਨਾ ਬਣਦਾ ਹੈ। ਇਸ ਲਈ ਸ੍ਰੀ ਜਸਦੇਵ ਸਿੰਘ ਕਾਨੂੰਗੋ ਨੂੰ ਨਾਇਬ ਤਹਿਸੀਲਦਾਰ ਦੀ ਸਿੱਧੀ ਭਰਤੀ ਦੇ ਕੋਟੇ ਦੀ ਖਾਲੀ ਅਸਾਮੀ ਵਿਰੁੱਧ ਆਰਜੀ ਤੌਰ ਤੇ ਹੇਠ ਦਰਸਾਈਆਂ ਸ਼ਰਤਾਂ ਤੋਂ ਇਲਾਵਾ ਇਸ ਸ਼ਰਤ ਤੇ ਤਨਖਾਹ ਸਕੇਲ 10300-34800+4800 ਗ੍ਰੇਡ ਪੇਅ ਵਿੱਚ ਪਦਉਨਤ ਕੀਤਾ ਜਾਂਦਾ ਹੈ ਕਿ ਇਹ ਕਰਮਚਾਰੀ ਬਤੌਰ ਨਾਇਬ ਤਹਿਸੀਲਦਾਰ ਸੇਵਾ ਨਿਭਾਇਗਾ ਪਰੰਤੂ ਉਸ ਨੂੰ ਨਾਇਬ

ਤਹਿਸੀਲਦਾਰ ਅਸਾਮੀ ਦਾ ਪੇਅ ਸਕੇਲ ਅਤੇ ਹੋਰ ਲਾਭ ਤਜਰਬਾ ਪੂਰਾ ਹੋਣ ਦੀ ਮਿਤੀ ਤੋਂ ਹੀ ਮਿਲਣਯੋਗ ਹੋਣਗੇ।

4. ਇਹ ਪਦਉਨਤੀ ਹੇਠ ਦਰਸਾਈਆਂ ਸ਼ਰਤਾਂ ਅਧੀਨ ਹੋਵੇਗੀ:-

1) ਇਹ ਤਰੱਕੀ ਪੰਜਾਬ ਨਾਇਬ ਤਹਿਸੀਲਦਾਰ (ਗਰੁੱਪ-ਬੀ) ਸੇਵਾ ਨਿਯਮ-2019 ਅਤੇ ਸਮੇਂ ਸਮੇਂ ਤੇ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਧੀਨ ਹੋਵੇਗੀ।

2) ਉਕਤ ਕਰਮਚਾਰੀ ਦੀ ਪਦਉਨਤੀ ਬਿਲਕੁੱਲ ਆਰਜੀ ਤੌਰ ਤੇ ਸਿੱਧੀ ਭਰਤੀ ਦੀਆਂ ਅਸਾਮੀ ਵਿਰੁੱਧ ਕੀਤੀ ਜਾ ਰਹੀ ਹੈ। ਜੇਕਰ ਭਵਿੱਖ ਵਿੱਚ ਜਦੋਂ ਵੀ ਸਿੱਧੀ ਭਰਤੀ ਦੇ ਉਮੀਦਵਾਰ ਉਪਲੱਬਧ ਹੋਣਗੇ ਅਤੇ ਸਿੱਧੀ ਭਰਤੀ ਦੀ ਕੋਈ ਸੀਟ ਉਪਲੱਬਧ ਨਹੀਂ ਹੋਵੇਗੀ ਤਾਂ ਆਰਜੀ ਤੌਰ ਤੇ ਪਦਉਨਤ ਕੀਤੇ ਜੂਨੀਅਰ ਮੋਸਟ ਨਾਇਬ ਤਹਿਸੀਲਦਾਰ ਨੂੰ ਬਿਨ੍ਹਾਂ ਨੋਟਿਸ ਦਿੱਤੇ ਉਨ੍ਹਾਂ ਦੇ ਮੂਲ ਕਾਡਰ ਵਿੱਚ ਰਿਵਰਟ ਕਰ ਦਿੱਤਾ ਜਾਵੇਗਾ। ਪ੍ਰੰਤੂ ਜਦੋਂ ਵੀ ਰਜਿਸਟਰ-ਬੀ ਦੀ ਕੋਈ ਅਸਾਮੀ ਖਾਲੀ ਹੋਵੇਗੀ ਤਾਂ ਹਦਾਇਤਾਂ/ਰੂਲਾਂ ਅਨੁਸਾਰ ਸੀਨੀਅਰ ਮੋਸਟ ਯੋਗ ਉਮੀਦਵਾਰ ਨੂੰ ਉਸ ਨੁਕਤੇ ਦੇ ਵਿਰੁੱਧ ਪਦ-ਉਨਤ ਕਰਨ ਲਈ ਤਜ਼ਵੀਜ਼ ਮੁੜ ਤੋਂ ਪੇਸ਼ ਕੀਤੀ ਜਾਵੇਗੀ।

3) ਇਸ ਪਦਉਨਤੀ ਉਪਰੰਤ ਜੇਕਰ ਉਨ੍ਹਾਂ ਦੇ ਖਿਲਾਫ ਭਵਿੱਖ ਵਿੱਚ ਕੋਈ ਪ੍ਰਤੀਕੂਲ ਤੱਥ ਸਾਹਮਣੇ ਆਉਂਦੇ ਹਨ ਤਾਂ ਇਹ ਪਦਉਨਤੀ ਉਸ ਦੇ ਅਸਰ ਅਧੀਨ ਹੋਵੇਗੀ।

4) ਇਹ ਪਦਉਨਤੀ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ/ਵਿਜੀਲੈਂਸ ਕੇਸ/ਅਨੁਸ਼ਾਸਨੀ ਕਾਰਵਾਈ ਦੇ ਫੈਸਲੇ ਅਤੇ ਭਵਿੱਖ ਵਿੱਚ ਪ੍ਰਸੋਨਲ ਵਿਭਾਗ ਜਾਂ ਹੋਰ ਵਿਭਾਗਾਂ ਵੱਲੋਂ ਜਾਰੀ ਕੀਤੀਆਂ ਜਾਣ ਵਾਲੀਆਂ ਹਦਾਇਤਾਂ ਦੇ ਅਸਰ ਅਧੀਨ ਹੋਵੇਗੀ।

5) ਇਹ ਕਰਮਚਾਰੀ ਪਦਉਨਤੀ ਉਪਰੰਤ ਪੰਜਾਬ ਨਾਇਬ ਤਹਿਸੀਲਦਾਰ ਟ੍ਰੇਨਿੰਗ ਰੈਗੂਲੇਸ਼ਨ ਵਿੱਚ ਦਰਜ ਉਪਬੰਧ ਅਨੁਸਾਰ ਟ੍ਰੇਨਿੰਗ ਹਾਸਲ ਕਰਨਗੇ।

6) ਇਨ੍ਹਾਂ ਆਰਜੀ ਪਦਉਨਤੀਆਂ ਦੇ ਹੁਕਮ ਬਿਨ੍ਹਾਂ ਕਿਸੇ ਨੋਟਿਸ ਦਿੱਤੇ ਵਾਪਸ ਲਏ ਜਾ ਸਕਦੇ ਹਨ।

7) ਕਰਮਚਾਰੀਆਂ ਦੇ ਤੈਨਾਤੀ ਦੇ ਹੁਕਮ ਵੱਖਰੇ ਤੌਰ ਤੇ ਜਾਰੀ ਕੀਤੇ ਜਾਣਗੇ।

ਚੰਡੀਗੜ੍ਹ,
ਮਿਤੀ: 15/03/2022

ਵਿਜੈ ਕੁਮਾਰ ਜੰਜੂਆ
ਵਿਸ਼ੇਸ਼ ਮੁੱਖ ਸਕੱਤਰ-ਕਮ-
ਵਿੱਤੀ ਕਮਿਸ਼ਨਰ ਮਾਲ

ਪਿੱਠ ਅੰਕਣ ਨੰ: 19/27/2019-ਮ.ਅ-3(1)/2920-27 ਚੰਡੀਗੜ੍ਹ, ਮਿਤੀ: 15-3-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮਹਾਂਲੇਖਾਕਾਰ ਪੰਜਾਬ (ਆਡਿਟ ਅਤੇ ਏ.ਐਂਡ.ਈ) ਚੰਡੀਗੜ੍ਹ।
2) ਨਿੱਜੀ ਸਕੱਤਰ/ਮਾਲ ਮੰਤਰੀ ਪੰਜਾਬ।
3) ਨਿੱਜੀ ਸਕੱਤਰ/ਵਿਸ਼ੇਸ਼ ਮੁੱਖ ਸਕੱਤਰ ਮਾਲ।
4) ਰਾਜ ਦੇ ਸਮੂਹ ਮੰਡਲ ਕਮਿਸ਼ਨਰ।

5) ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

6) ਡਾਇਰੈਕਟਰ ਲੈਂਡ ਰਿਕਾਰਡ ਪੰਜਾਬ, ਕਪੂਰਥਲਾ ਰੋਡ, ਜਲੰਧਰ।

7) ਸਬੰਧਤ ਅਧਿਕਾਰੀ।

8) ਪ੍ਰੋਜੈਕਟ ਮੈਨੇਜਰ ਪੀ.ਐਲ.ਆਰ.ਐਸ (ਵੈਬਸਾਈਟ ਤੇ ਅਪਲੋਡ ਕਰਨ ਲਈ)।

ਉਪ ਸਕੱਤਰ ਮਾਲ